**ਆਕਾਸ਼ਵਾਣੀ ਜਲੰਧਰ**

**ਪ੍ਰਦੇਸ਼ਿਕ ਖਬਰਾਂ ਪੰਜਾਬੀ**

**18:20 Pm**

**ਮਿਤੀ: 08-10-2023**

- ਚੀਨ ਦੇ ਹਾਂਗਜ਼ੂ ਵਿਖੇ ਚੱਲ ਰਹੀਆਂ ਏਸ਼ਿਆਈ ਖੇਡਾਂ ਅੱਜ ਸਮਾਪਤ ਹੋਈਆਂ - ਭਾਰਤ ਨੇ 107 ਤਗਮਿਆਂ ਨਾਲ, ਕਈ ਵਿਸ਼ਵ ਰਿਕਾਰਡ ਬਣਾਉਂਦੇ ਹੋਏ, ਇਤਿਹਾਸਿਕ ਕਾਰਗੁਜ਼ਾਰੀ ਵਿਖਾਈ ਏ।
- ਪੰਜਾਬ ਤੋਂ ਤਮਗਾ ਜਿੱਤਣ ਵਾਲੇ ਖਿਡਾਰੀਆਂ ਦਾ ਵਤਨ ਪਰਤਣ ਤੇ ਜ਼ੋਰਦਾਰ ਸਵਾਗਤ।
- ਭਾਰਤੀ ਹਵਾਈ ਫੌਜ, ਅੱਜ ਆਪਣੀ 91ਵੀਂ ਵਰ੍ਹੇਗੰਢ ਮਨਾ ਰਹੀ ਏ- ਰਾਸ਼ਟਰਪਤੀ, ਉਪ-ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੇ ਹਵਾਈ ਫੌਜ ਨੂੰ ਦਿੱਤੀ ਵਧਾਈ।
- ਭਾਰਤ-ਤਿੱਬਤ ਸਹਿਯੋਗ ਮੰਚ ਦੇ ਸਿਲਵਰ ਜੁਬਲੀ ਸਾਲ ਦੀ, ਉੱਤਰੀ-ਖੇਤਰੀ ਕਾਨਫਰੰਸ ਦਾ ਚੰਡੀਗੜ੍ਹ ਵਿਖੇ ਆਯੋਜਨ ।

---

ਚੀਨ ਦੇ ਹਾਂਗਜ਼ੂ ਵਿੱਚ ਚੱਲ ਰਹੀਆਂ ਏਸ਼ਿਆਈ ਖੇਡਾਂ ਅੱਜ ਸਮਾਪਤ ਹੋ

ਰਹੀਆਂ ਨੇ। ਭਾਰਤੀ ਐਥਲੀਟ  ਸਮਾਪਤੀ ਸਮਾਗਮ ਵਿੱਚ ਹਿੱਸਾ ਲੈ ਰਹੇ ਨੇ। ਹਾਕੀ ਟੀਮ ਦੇ ਗੋਲਕੀਪਰ ਪੀ.ਆਰ. ਸ਼੍ਰੀਜੇਸ਼ ਭਾਰਤ ਦੇ ਝੰਡਾਬਰਦਾਰ ਨੇ। ਇਨ੍ਹਾਂ ਖੇਡਾਂ ਵਿੱਚ ਭਾਰਤ 28 ਸੋਨ, 38 ਚਾਂਦੀ ਅਤੇ 41 ਕਾਂਸੀ ਸਮੇਤ ਕੁੱਲ 107 ਤਮਗੇ ਜਿੱਤ ਕੇ ਚੌਥੇ ਸਥਾਨ 'ਤੇ ਰਿਹਾ। ਭਾਰਤ ਨੇ ਸਾਲ 2018 ਵਿੱਚ ਜਕਾਰਤਾ ਵਿੱਚ ਹਾਸਲ ਕੀਤੇ 37 ਤਗ਼ਮਿਆਂ ਦੇ ਆਪਣੇ ਪਿਛਲੇ ਸਰਵੋਤਮ ਪ੍ਰਦਰਸ਼ਨ ਨੂੰ ਪਿੱਛੇ ਛੱਡ ਦਿੱਤਾ ਏ। 19ਵੀਆਂ ਏਸ਼ਿਆਈ ਖੇਡਾਂ ਵਿੱਚ ਭਾਰਤ ਨੇ ਰਿਕਾਰਡ ਤੋੜ ਪ੍ਰਦਰਸ਼ਨ ਕਰਦਿਆਂ "ਇਸ ਵਾਰ 100 ਦਾ ਅੰਕੜਾ ਪਾਰ ਕਰਨ" ਦੇ ਟੀਚੇ ਤੋਂ ਵੱਧ ਤਗਮੇ ਜਿੱਤ ਕੇ ਇਤਿਹਾਸਿਕ ਉਚਾਈ ਹਾਸਲ ਕੀਤੀ। ਭਾਰਤੀ ਐਥਲੀਟਾਂ ਨੇ ਵੀ ਦੇਸ਼ ਨੂੰ ਸੋਨੇ ਦੀ ਚਮਕ ਦਿਖਾਈ। ਖੇਡਾਂ ਦੇ 14ਵੇਂ ਦਿਨ ਭਾਰਤ ਨੇ 6 ਸੋਨ, 4 ਚਾਂਦੀ ਅਤੇ 2 ਕਾਂਸੀ ਦੇ ਤਗਮਿਆਂ ਸਮੇਤ ਕੁੱਲ 12 ਤਗਮੇ ਜਿੱਤੇ। ਮਹਿਲਾ ਕਬੱਡੀ ਟੀਮ ਨੇ ਸੋਨ ਤਮਗਾ ਜਿੱਤ ਕੇ ਭਾਰਤ ਦਾ ਇਤਿਹਾਸਕ 100ਵਾਂ ਤਗਮਾ ਜਿੱਤਿਆ। ਭਾਰਤ ਦੇ ਇਸ ਸਫਰ 'ਤੇ ਨਜ਼ਰ ਮਾਰੀਏ ਤਾਂ ਐਥਲੈਟਿਕਸ 'ਚ ਸਭ ਤੋਂ ਜ਼ਿਆਦਾ 29 ਮੈਡਲ ਜਿੱਤੇ ਨੇ। ਨੀਰਜ ਚੋਪੜਾ ਨੇ ਸੋਨ ਤਮਗਾ ਅਤੇ ਕਿਸ਼ੋਰ ਕੁਮਾਰ ਜੇਨਾ ਨੇ ਚਾਂਦੀ ਦਾ ਤਮਗਾ ਭਾਰਤ ਦੀ ਝੋਲੀ ਪਾਇਆ। ਨਿਸ਼ਾਨੇਬਾਜ਼ੀ ਵਿੱਚ ਭਾਰਤ ਨੇ 22 ਅਤੇ ਭਾਰਤੀ ਨਿਸ਼ਾਨੇਬਾਜ਼ਾਂ ਨੇ 7 ਸੋਨ ਤਮਗੇ ਜਿੱਤੇ। ਭਾਰਤੀ ਕ੍ਰਿਕਟ ਅਤੇ ਕਬੱਡੀ

ਟੀਮਾਂ ਨੇ ਵੀ ਸੋਨ ਤਮਗੇ ਜਿੱਤੇ। ਭਾਰਤ ਨੇ ਪੁਰਸ਼ ਹਾਕੀ ਵਿੱਚ ਸੋਨ ਤਮਗਾ ਜਿੱਤਿਆ ਅਤੇ ਪੈਰਿਸ 2024 ਓਲੰਪਿਕ ਕੋਟਾ ਹਾਸਲ ਕੀਤਾ। ਇਸ ਤਰ੍ਹਾਂ ਭਾਰਤ ਨੇ ਕਈ ਵਿਸ਼ਵ ਰਿਕਾਰਡ ਬਣਾਉਦੇ,107 ਤਗਮਿਆਂ ਨਾਲ ਏਸ਼ੀਆਈ ਖੇਡਾਂ 'ਚ ਆਪਣੀ ਮੁਹਿੰਮ ਨੂੰ ਵਿਰਾਮ ਕੀਤਾ।

-----------------------------------------------------

ਫਰੀਦਕੋਟ ਦੀ ਰਹਿਣਵਾਲੀ ਸਿਫ਼ਤ ਕੌਰ ਸਮਰਾ ਨੇ ਏਸ਼ਿਆਈ ਖੇਡਾਂ ਦੌਰਾਨ ਨਿਸ਼ਾਨੇਬਾਜ਼ੀ 'ਚ ਇੱਕ ਸੋਨੇ ਅਤੇ ਇੱਕ ਚਾਂਦੀ ਦਾ ਤਮਗ਼ਾ ਜਿੱਤ ਕੇ, ਦੇਸ਼ ਦਾ ਨਾਮ ਰੌਸ਼ਨ ਕੀਤਾ ਏ। ਘਰ ਪਰਤਣ 'ਤੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ, ਇਸ ਮੌਕੇ ਸਾਡੇ ਪਤਰਕਾਰ ਨਾਲ ਆਪਣੀ ਖੁਸ਼ੀ ਸਾਂਝੀ ਕਰਦਿਆਂ ਸਿਫਤ ਕੌਰ ਸਮਰਾ ਨੇ ਕਿਹਾ।ਉਨ੍ਹਾਂ ਦੀ ਇਸ ਬੇਮਿਸਾਲ ਉਪਲਬਧੀ 'ਤੇ ਪੰਜਾਬ 'ਚ ਖ਼ੁਸ਼ੀ ਦੀ ਲਹਿਰ ਏ। ਜ਼ਿਲਾ ਫਰੀਦਕੋਟ ਦੇ ਖੇਡ ਅਫਸਰ ਬਲਜਿੰਦਰ ਸਿੰਘ ਦਾ ਕਹਿਣਾ ਏ। ਇਸ ਮਾਣਮੱਤੀ ਪ੍ਰਾਪਤੀ 'ਤੇ ਜ਼ਿਲਾ ਵਾਸੀਆਂ ਸੁਖਵਿੰਦਰ ਸਿੰਘ ਅਤੇ ਗੁਲਾਬੀ ਸਿੰਘ ਨੇ ਕਿਹਾ ਕਿ ਉਹ ਬਹੁਤ ਮਾਣ ਮਹਿਸੂਸ ਕਰ ਰਹੇ ਨੇ।

-----------------------------------------------------

ਭਾਰਤੀ ਹਵਾਈ ਫੌਜ, ਅੱਜ ਆਪਣੀ 91ਵੀਂ ਵਰ੍ਹੇਗੰਢ ਮਨਾ ਰਹੀ ਏ। ਇਸ ਮੌਕੇ ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ਵਿੱਚ, ਬਮਰੌਲੀ ਏਅਰ ਫੋਰਸ

ਸਟੇਸ਼ਨ ਵਿਖੇ ਸ਼ਾਨਦਾਰ ਪਰੇਡ ਦਾ ਆਯੋਜਨ ਕੀਤਾ ਗਿਆ। ਹਵਾਈ ਫੌਜ ਦੇ ਮੁਖੀ ਏਅਰ ਚੀਫ ਮਾਰਸ਼ਲ, ਵੀ.ਆਰ. ਚੌਧਰੀ ਨੇ, ਪਰੇਡ ਦੀ ਸਲਾਮੀ ਲਈ । ਇਸ ਮੌਕੇ ਫੌਜ ਮੁਖੀ ਜਨਰਲ ਅਨਿਲ ਚੌਹਾਨ ਅਤੇ ਸੈਂਟਰਲ ਏਅਰ ਕਮਾਂਨ ਦੇ ਜਨਰਲ ਅਫਸਰ ਇਨ ਕਮਾਂਨ- ਏਅਰ ਮਾਰਸ਼ਲ, R.G .K .ਕਪੂਰ ਵੀ ਮੌਜੂਦ ਸਨ । ਹਵਾਈ ਫੌਜ ਦੇ ਮੁਖੀ ਏਅਰ ਚੀਫ ਮਾਰਸ਼ਲ ਵੀ.ਆਰ. ਚੌਧਰੀ ਨੇ ਇੱਕ ਪਰੇਡ ਵਿੱਚ ਹਵਾਈ ਸੈਨਾ ਦੇ ਨਵੇਂ ਝੰਡੇ ਦੀ ਘੁੰਡ ਚੁਕਾਈ ਕੀਤੀ । ਇਸ ਦੇ ਲਈ ਹਵਾਈ ਸੈਨਾ ਦੇ ਪੁਰਾਣੇ ਝੰਡੇ ਨੂੰ ਉਤਾਰ ਕੇ ਸਤਿਕਾਰ ਨਾਲ ਹਵਾਈ ਫੌਜ ਮੁਖੀ ਨੂੰ ਸੌਂਪਿਆ ਗਿਆ। ਹੁਣ ਇਸ ਝੰਡੇ ਨੂੰ ਹਵਾਈ ਫੌਜ ਅਜਾਇਬ ਘਰ 'ਚ ਪ੍ਰਦਰਸ਼ਿਤ ਕੀਤਾ ਜਾਵੇਗਾ। ਇਸ ਮੌਕੇ ਹਵਾਈ ਫੌਜ ਮੁਖੀ ਨੇ ਕਿਹਾ ਕਿ ਹਵਾਈ ਫੌਜ ਦੀ ਸ਼ਕਤੀ, ਸ਼ਾਂਤੀ ਅਤੇ ਜੰਗ ਦੋਨਾਂ ਸਮੇਂ ਹੀ ਲਾਭਦਾਇਕ ਹੁੰਦੀ ਏ । ਇਸ ਦੇ ਲਈ ਸਾਨੂੰ ਨਵੀਆਂ ਤਕਨੀਕਾਂ ਨੂੰ ਅਪਣਾਉਂਦੇ ਰਹਿਣਾ ਹੋਵੇਗਾ ਤਾਂ ਜੋ ਅਸੀਂ ਉੱਭਰ ਰਹੀਆਂ ਚੁਣੌਤੀਆਂ ਦਾ ਸਾਹਮਣਾ ਕਰ ਸਕੀਏ। ਏਅਰ ਚੀਫ ਮਾਰਸ਼ਲ, ਸ਼੍ਰੀ ਚੌਧਰੀ ਨੇ ਕਿਹਾ ਕਿ ਇਸ ਸਾਲ ਦੇ ਹਵਾਈ ਫੌਜ ਦਿਵਸ ਦਾ ਥੀਮ - ''ਭਾਰਤੀ ਹਵਾਈ ਫੌਜ- ਆਲਮੀ ਹਵਾਈ ਸ਼ਕਤੀ'' ਰੱਖਿਆ ਗਏ ਏ । ਰਾਸ਼ਟਰਪਤੀ ਦ੍ਰੋਪਦੀ ਮੁਰਮੂ, ਉਪ-ਰਾਸ਼ਟਰਪਤੀ ਜਗਦੀਪ ਧਨਖੜ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ, ਹਵਾਈ ਸੈਨਾ

ਦਿਵਸ 'ਤੇ, ਹਵਾਈ ਸੈਨਾ ਦੇ ਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਵਧਾਈ ਦਿੱਤੀ ਏ। ਰਾਸ਼ਟਰਪਤੀ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ 'ਚ ਕਿਹਾ ਕਿ ਹਵਾਈ ਫੌਜ ਨਵੀਆਂ ਉਚਾਈਆਂ ਨੂੰ ਛੂਹ ਰਹੀ ਏ,ਅਤੇ ਦੇਸ਼ ਨੂੰ ਇਸ 'ਤੇ ਮਾਣ ਏ । ਉਪ-ਰਾਸ਼ਟਰਪਤੀ ਜਗਦੀਪ ਧਨਖੜ ਨੇ ਕਿਹਾ ਕਿ ਹਵਾਈ ਸੈਨਾ ਦੇ ਬਹਾਦਰ ਜਵਾਨ, ਹਵਾਈ ਖੇਤਰ ਦੀ ਨਿਗਰਾਨੀ ਕਰਕੇ, ਦੇਸ਼ ਦੀ ਪ੍ਰਭੂਸੱਤਾ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਨੇ । ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਦੇਸ਼ ਨੂੰ ਆਪਣੇ ਹਵਾਈ ਫੌਜ ਦੇ ਜਵਾਨਾਂ ਦੀ ਬਹਾਦਰੀ, ਸੇਵਾ ਭਾਵਨਾ ਅਤੇ ਸਮਰਪਣ 'ਤੇ ਮਾਣ ਐ । ਸੋਸ਼ਲ ਮੀਡੀਆ 'ਤੇ ਇਕ ਪੋਸਟ 'ਚ, ਉਨ੍ਹਾਂ ਕਿਹਾ ਕਿ ਹਵਾਈ ਸੈਨਾ ਦੀ ਸੇਵਾ ਅਤੇ ਕੁਰਬਾਨੀ ਕਾਰਨ ਹੀ, ਸਾਡਾ ਹਵਾਈ ਖੇਤਰ ਸੁਰੱਖਿਅਤ ਐ ।

----------------------------------------------------------------

ਇਜਰਾਇਲ ਅਤੇ ਹਮਾਸ ਵਿਚਾਲੇ ਵੱਧ ਰਹੇ ਤਣਾਅ ਦਰਮਿਆਨ ਲੈਬਨਾਨ ਦੇ ਹਿਜਬੁੱਲਾ ਦਹਿਸ਼ਤਗਰ ਧੜੇ ਨੇ ਅੱਜ ਸੀਰੀਆ ਦੇ ਇਜਰਾਇਲੀ ਕਬਜ਼ੇ ਵਾਲੇ ਗੋਲਣ ਹਾਈਟਸ ਨਾਲ ਲੱਗਦੀ ਦੇਸ਼ ਦੀ ਸਰਹੱਦ ਨਾਲ ਲਗੇ ਵਿਵਾਦ-ਗ੍ਰਸਤ ਇਲਾਕੇ 'ਚ ਤਿੰਨ ਇਜਰਾਇਲੀ ਪੋਜੀਸ਼ਨਾਂ ਤੇ ਦਰਜਨਾਂ ਰਾਕਟ ਦਾਗੇ ਨੇ । ਇਸ ਦੇ ਜਵਾਬ ਵਿੱਚ ਇਜਰਾਇਲ ਦੀ ਫੌਜ ਨੇ, ਲੈਬਨਾਨ ਦੇ ਇਲਾਕਿਆਂ ਤੇ ਜਵਾਬੀ

ਗੋਲੀਬਾਰੀ ਕੀਤੀ। ਇਸੇ ਦੌਰਾਨ ਵਿਸ਼ਵ ਨੇਤਾਵਾਂ ਨੇ ਵੀ ਹਮਾਸ ਦਹਿਸ਼ਤ ਗਰਦਾਂ ਵੱਲੋਂ ਇਜਰਾਇਲ ਤੇ ਕੀਤੇ ਗਏ ਜਾਨਲੇਵਾ ਹਮਲਿਆਂ ਦੀ ਨਖੇਦੀ ਕੀਤੀ ਏ । ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਜਰਾਇਲ ਨਾਲ ਇੱਕਜੁੱਟਤਾ ਜ਼ਾਹਿਰ ਕੀਤੀ ਅਤੇ ਕਿਹਾ ਏ ਕਿ ਭਾਰਤ ਦੀ ਹਮਦਰਦੀ ਤੇ ਪ੍ਰਾਰਥਨਾਵਾਂ ਬੇਕਸੂਰ ਪੀੜਤਾਂ ਤੇ ਉਹਨਾਂ ਦੇ ਪਰਿਵਾਰਾਂ ਦੇ ਨਾਲ ਨੇ।

-----------------------------------------------------

ਏਧਰ, ਏਅਰ ਇੰਡੀਆ ਨੇ ਤੇਲ ਅਵੀਵ ਤੋਂ 14 ਅਕਤੂਬਰ ਤੱਕ ਆਪਣੀਆਂ ਆਉਣ ਅਤੇ ਜਾਣ ਵਾਲੀਆਂ ਉਡਾਣਾਂ ਰੱਦ ਕਰ ਦਿੱਤੀਆਂ ਨੇ। ਹਵਾਈ ਕੰਪਨੀ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਇਹ ਜਾਣਕਾਰੀ ਦੀਦਿਆਂ ਕਿਹਾ ਏ ਕਿ ਇਸਨੇ ਮੁਸਾਫ਼ਰਾਂ ਅਤੇ ਅਮਲੇ ਦੀ ਸੁਰੱਖਿਆ ਲਈ, ਇਹ ਕਦਮ ਚੁਕਿਆ ਏ ।

-----------------------------------------------------

ਕੇਂਦਰੀ ਮੰਤਰੀ ਡਾ: ਜਿਤੇਂਦਰ ਸਿੰਘ ਨੇ ਕਿਹਾ ਏ ਕਿ ਭਾਰਤ ਮੈਡੀਕਲ ਤਕਨਾਲੋਜੀ ਅਤੇ ਉਪਕਰਨਾਂ ਦਾ ਆਲਮੀ ਕੇਂਦਰ ਬਣਨ ਲਈ ਤਿਆਰ ਏ । ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਡਾਕਟਰੀ ਉਪਕਰਨਾਂ ਦਾ ਬਾਜ਼ਾਰ

ਇਸ ਵੇਲੇ 11 ਅਰਬ ਡਾਲਰ ਦਾ ਏ , ਜਿਸਦੇ ਸਾਲ 2050 ਤੱਕ, 50 ਅਰਬ ਡਾਲਰ ਹੋਣ ਦਾ ਅਨੁਮਾਨ ਏ। ਕੌਮਾਂਤਰੀ ਸਹਿਤ ਸੰਭਾਲ ਤਕਨਾਲੋਜੀ ਦੀ 8ਵੀਂ ਸਾਲਾਨਾ ਕਾਨਫਰੰਸ ਨੂੰ ਸੰਬੋਧਨ ਕਰਦਿਆਂ, ਉਨ੍ਹਾਂ ਕਿਹਾ ਕਿ ਭਾਰਤ ਦੁਨੀਆ ਦੇ ਚੋਟੀ ਦੇ 5 ਡਾਕਟਰੀ ਉਪਕਰਨ ਨਿਰਮਾਤਾਵਾਂ ਵਿੱਚੋਂ ਇੱਕ ਏ। ਭਾਰਤ ਵਿੱਚ ਤਿਆਰ ਉੱਚ-ਤਕਨੀਕੀ ਮੈਡੀਕਲ ਉਪਕਰਣ ਅੰਤਰਰਾਸ਼ਟਰੀ ਬਾਜ਼ਾਰ ਦੇ ਮੁਕਾਬਲੇ 'ਚ ਨੇ। ਇਸ ਕਾਨਫਰੰਸ ਦਾ ਆਯੋਜਨ ਮਾਨਤਾ ਪ੍ਰਾਪਤ ਸਿਹਤ ਸੰਭਾਲ ਸੰਸਥਾਵਾਂ ਦੇ ਇੱਕ ਸਮੂਹ ਵਲੋਂ ਕੀਤਾ ਗਿਆ। ਕੇਂਦਰੀ ਮੰਤਰੀ ਨੇ ਕਿਹਾ ਕਿ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਭਾਰਤ ਦੀ ਹਿੱਸੇਦਾਰੀ ਅਗਲੇ 25 ਸਾਲਾਂ ਵਿੱਚ ਮੌਜੂਦਾ ਡੇਢ ਫੀਸਦੀ ਤੋਂ ਵਧ ਕੇ 10 ਤੋਂ 12 ਫੀਸਦੀ ਹੋਣ ਦੀ ਸੰਭਾਵਨਾ ਏ। ਉਨ੍ਹਾਂ ਕਿਹਾ ਕਿ ਰਾਸ਼ਟਰੀ ਮੈਡੀਕਲ ਉਪਕਰਨ ਨੀਤੀ-2023 ਅਤੇ ਮੈਡੀਕਲ ਉਪਕਰਨ ਬਰਾਮਦ ਪ੍ਰਮੋਸ਼ਨ ਕੌਂਸਲ ਦਾ ਉਦੇਸ਼ ਭਾਰਤ ਨੂੰ, ਮੈਡੀਕਲ ਉਪਕਰਨ ਨਿਰਮਾਣ ਦਾ ਕੇਂਦਰ ਬਣਾਉਣਾ ਏ।

---

ਨਗਰ ਨਿਗਮ, ਕਮਿਸ਼ਨਰ ਰਿਸ਼ੀਪਾਲ ਸਿੰਘ ਨੇ, ਪੀ. ਐਮ. ਸਵੈ ਨਿਧੀ ਯੋਜਨਾ ਤਹਿਤ ਲਾਭਪਾਤਰੀਆਂ ਨੂੰ ਕਰਜ਼ ਦੇਣ ਲਈ ਬਕਾਇਆ

ਪਈਆਂ ਅਰਜ਼ੀਆਂ ਦਾ ਤੁਰੰਤ ਨਿਪਟਾਰਾ ਕਰਨ ਲਈ ਆਖਿਆ ਏ ਤਾਂ ਜੋ ਵੱਧ ਤੋਂ ਵੱਧ ਲਾਭਪਾਤਰੀ ਇਸ ਯੋਜਨਾ ਤਹਿਤ ਕਰਜ਼ ਪ੍ਰਾਪਤ ਕਰਕੇ, ਆਪਣਾ ਕੰਮ-ਕਾਜ ਸ਼ੁਰੂ ਕਰ ਸਕਣ। ਜਲੰਧਰ ਵਿੱਚ ਵੱਖ-ਵੱਖ ਬੈਂਕਾਂ ਦੇ ਜ਼ਿਲ੍ਹਾ ਕੋਆਰਡੀਨੇਟਰਾਂ ਦੀ ਅਹਿਮ ਮੀਟਿੰਗ ਦੀ ਪ੍ਰਧਾਨਗੀ ਕਰਦਆਂ, ਉਨ੍ਹਾਂ ਦੱਸਿਆ ਕਿ ਹੁਣ ਤੱਕ ਇਸ ਯੋਜਨਾ ਤਹਿਤ 13 ਹਜ਼ਾਰ 93 ਲਾਭਪਾਤਰੀਆਂ ਦੇ ਕਰਜ਼ ਮਨਜ਼ੂਰ ਕੀਤੇ ਗਏ ਨੇ। ਉਨ੍ਹਾਂ ਬੈਂਕ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਯੋਜਨਾ ਦੇ ਮਿਥੇ ਟੀਚੇ ਨੂੰ ਹਾਸਿਲ ਕਰਨ ਲਈ ਯੋਗ ਲਾਭਪਾਤਰੀਆਂ ਨੂੰ ਕਰਜ਼ ਮੁਹੱਈਆ ਕਰਵਾਉਣ ਤੇ ਮੰਤਵ ਲਈ ਬਕਾਇਆ ਪਏ ਬਿਨੈਪੱਤਰਾਂ ਦਾ ਜਲਦ ਨਿਪਟਾਰਾ ਕੀਤਾ ਜਾਵੇ ਤਾਂ ਜੋ ਛੋਟੇ ਕਾਰੋਬਾਰਾਂ ਨੂੰ ਹੋਰ ਉਤਸ਼ਾਹ ਮਿਲ ਸਕੇ। ਉਨ੍ਹਾਂ ਕਿਹਾ ਕਿ ਇਹ ਸਭ ਦਾ ਮੁੱਢਲਾ ਫਰਜ਼ ਬਣਦਾ ਏ, ਕਿ ਸੂਬੇ ਨੂੰ ਆਰਥਿਕ ਤਰੱਕੀ ’ਤੇ ਲੈ ਕੇ ਜਾਣ ਲਈ, ਸਰਕਾਰ ਵਲੋਂ ਸ਼ੁਰੂ ਕੀਤੀਆਂ ਗਈਆਂ ਲੋਕ ਭਲਾਈ ਯੋਜਨਾਵਾਂ ਦਾ ਹੇਠਲੇ ਪੱਧਰ ਤੱਕ ਲਾਭ ਪਹੁੰਚਾਇਆ ਜਾਵੇ।

---------------------------------------------------

'' ਮੇਰੀ ਮਿੱਟੀ-ਮੇਰਾ ਦੇਸ਼'' ਮੁਹਿੰਮ ਤਹਿਤ ਨਗਰ ਨਿਗਮ ਮੋਹਾਲੀ ਵੱਲੋਂ ਅੰਮ੍ਰਿਤ ਕਲਸ਼ ਯਾਤਰਾ ਕੱਢੀ ਗਈ , ਜਿਸ ਵਿਚ ਸਮੂਹ ਸ਼ਹਿਰੀ

ਸਥਾਨਕ ਸੰਸਥਾਵਾਂ ਦੇ ਭਾਗੀਦਾਰਾਂ ਨੇ ਆਪੋ - ਆਪਣੇ ਖੇਤਰ ਵਿੱਚੋਂ ਮਿੱਟੀ ਅਤੇ ਚੌਲਾਂ ਦੇ ਦਾਣੇ ਕਲਸ਼ ਵਿੱਚ ਇਕੱਤਰ ਕੀਤੇ। ਸਮੂਹ ਨਗਰ ਕੌਂਸਲਾਂ ਵੱਲੋਂ ਆਪੋ ਆਪਣੇ ਕਲਸ਼ ਵਿੱਚ ਇਕੱਠੀ ਕੀਤੀ ਮਿੱਟੀ ਨੂੰ ਰਸਮੀ ਤੌਰ 'ਤੇ ਮਿਲਾਇਆ ਗਿਆ। ਨਗਰ ਨਿਗਮ ਮੋਹਾਲੀ ਦੇ ਸਹਾਇਕ ਕਮਿਸ਼ਨਰ , ਮਨਪ੍ਰੀਤ ਸਿੰਘ, ਨੇ ਧੰਨਵਾਦ ਪ੍ਰਗਟ ਕਰਦੇ ਹੋਏ ਕਿਹਾ, "ਇਹ ਸਮਾਗਮ ਏਕਤਾ, ਪਰੰਪਰਾ ਅਤੇ ਚਿਰ ਸਥਾਈ ਜੀਵਨ ਦੀ ਭਾਵਨਾ ਨੂੰ ਦਰਸਾਉਂਦਾ ਏ। ਕਮਿਸ਼ਨਰ, ਨਵਜੋਤ ਕੌਰ ਨੇ ਕਿਹਾ, "ਅੰਮ੍ਰਿਤ ਕਲਸ਼ ਯਾਤਰਾ ਇਸ ਗੱਲ ਦੀ ਮਿਸਾਲ ਪੇਸ਼ ਕਰਦੀ ਏ ਕਿ ਕਿਵੇਂ ਸਥਾਨਕ ਭਾਈਚਾਰੇ ਇੱਕ ਸਾਂਝੇ ਉਦੇਸ਼ ਲਈ ਇੱਕਜੁੱਟ ਹੋ ਸਕਦੇ ਨੇ ਅਤੇ ਆਧੁਨਿਕ ਵਾਤਾਵਰਣਕ ਕਦਰਾਂ-ਕੀਮਤਾਂ ਨੂੰ ਅਪਣਾਉਂਦੇ ਹੋਏ ਆਪਣੀ ਵਿਰਾਸਤ ਨੂੰ ਸੰਭਾਲ ਸਕਦੇ ਨੇ।

---------------------------------------------------

ਭਾਰਤ-ਤਿੱਬਤ ਸਹਿਯੋਗ ਮੰਚ ਦੇ ਸਿਲਵਰ ਜੁਬਲੀ ਸਾਲ ਦੀ ਉੱਤਰੀ ਖੇਤਰੀ ਕਾਨਫਰੰਸ ਚੰਡੀਗੜ੍ਹ ਵਿਖੇ ਹੋਈ। ਇਸ ਵਿੱਚ ਮੰਚ ਦੇ ਕੌਮੀ ਕਾਰਜਕਾਰੀ ਪ੍ਰਧਾਨ ਅਤੇ BJP ਦੇ ਕੌਮੀ ਕਾਰਜਕਾਰਨੀ ਮੈਂਬਰ ਹਰਜੀਤ ਸਿੰਘ ਗਰੇਵਾਲ, ਰਾਸ਼ਟਰੀ ਸਵੈ-ਸੇਵਕ ਸੰਘ ਦੇ ਸੀਨੀਅਰ ਪ੍ਰਚਾਰਕ ਤੇ ਆਲ ਇੰਡੀਆ ਸਹਿ-ਸੰਪਰਕ ਮੁਖੀ ਪ੍ਰਦੀਪ

ਜੋਸ਼ੀ, ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਅਤੇ ਵਰਤਮਾਨ ਵਿੱਚ ਹਰਿਆਣਾ ਸੰਸਕ੍ਰਿਤੀ ਅਕਾਦਮੀ ਦੇ ਮੀਤ ਪ੍ਰਧਾਨ ਡਾ. ਕੁਲਦੀਪ ਚੰਦ ਅਗਨੀਹੋਤਰੀ, ਤਿੱਬਤ ਸਰਕਾਰ ਦੇ ਸੰਯੁਕਤ ਸਕੱਤਰ, ਤੇਨਜਿੰਗ ਲਕਸ਼ਿਆ ਅਤੇ ਭਾਰਤ ਤਿੱਬਤ ਸਹਿਯੋਗ ਮੰਚ ਦੇ ਮੀਤ ਪ੍ਰਧਾਨ ਤੇ ਅਰੁਣਾਚਲ ਪ੍ਰਦੇਸ਼ ਤੋਂ ਸਾਬਕਾ ਸੰਸਦ ਮੈਂਬਰ ਅਤੇ ਮੰਤਰੀ ਰਿੰਚਿਨ ਖਾਂਡੂ ਖੀਰਮੇ ਨੇ ਆਪਣੇ ਸੰਬੋਧਨ ਵਰਕਰਾਂ ਨੂੰ, ਇਸ ਦਿਹਾੜੇ ਦੀ ਵਧਾਈ ਦਿੱਤੀ ਅਤੇ ਚੀਨ ਵੱਲੋਂ ਤਿੱਬਤ ਦੇ ਕਬਜ਼ੇ 'ਤੇ ਵੀ ਸਖ਼ਤ ਇਤਰਾਜ਼ ਪ੍ਰਗਟਾਇਆ। ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਚੀਨ ਇੱਕ ਪਸਾਰ-ਵਾਦੀ ਦੇਸ਼ ਏ ਅਤੇ ਉਹ ਸਮੁੱਚੀ ਮਨੁੱਖਤਾ ਦਾ ਦੁਸ਼ਮਣ ਏ। ਪ੍ਰਦੀਪ ਜੋਸ਼ੀ ਨੇ ਕਿਹਾ ਕਿ ਬੇਘਰ ਹੋਏ ਅਤੇ ਆਪਣੇ ਦੇਸ਼ ਵਿੱਚੋਂ ਕੱਢੇ ਗਏ ਤਿੱਬਤੀ ਭੈਣਾਂ-ਭਰਾਵਾਂ ਦੇ ਜ਼ਖਮਾਂ ਨੂੰ ਭਰਨ ਦਾ ਸਮਾਂ ਆ ਗਿਆ ਏ ਅਤੇ ਉਨ੍ਹਾਂ ਦੇ ਦੁੱਖਾਂ ਨੂੰ ਦੂਰ ਕਰਨ ਲਈ ਤਿੱਬਤ ਨੂੰ ਆਜ਼ਾਦ ਕਰਵਾਉਣਾ ਜ਼ਰੂਰੀ ਏ। ਡਾ: ਕੁਲਦੀਪ ਚੰਦ ਅਗਨੀਹੋਤਰੀ ਨੇ ਕਿਹਾ ਕਿ ਤਿੱਬਤੀ ਸਭਿਆਚਾਰ ਅਤੇ ਤਿੱਬਤੀ ਬੁੱਧ ਧਰਮ ਵਿਸ਼ਵ ਦਾ ਮਾਰਗ ਦਰਸ਼ਕ ਨੇ, ਉਹ ਸ਼ਾਂਤੀ ਦੇ ਪੁਜਾਰੀ ਨੇ ਪਰ ਚੀਨ ਦੇ ਨਾਪਾਕ ਇਰਾਦੇ ਉਨ੍ਹਾਂ ਦੀ ਸ਼ਾਂਤੀ ਨੂੰ ਭੰਗ ਕਰ ਰਹੇ ਨੇ। ਤਿੱਬਤ ਦੇ ਸੰਯੁਕਤ ਸਕੱਤਰ ਤੇਨਜਿੰਗ ਲਕਸ਼ਿਆ ਨੇ ਕਿਹਾ ਕਿ ਅੱਜ ਦੂਜੀ ਪੀੜ੍ਹੀ ਵੀ ਜਵਾਨ ਹੋ ਗਈ ਏ ਅਤੇ ਅਸੀਂ ਆਪਣੇ

ਧਰਮ, ਸੱਭਿਆਚਾਰ, ਸੱਭਿਅਤਾ ਅਤੇ ਭਾਸ਼ਾ ਨਾਲੋਂ ਟੁੱਟਦੇ ਜਾ ਰਹੇ ਹਾਂ। ਉਨ੍ਹਾਂ ਨੇ ਵਿਸ਼ਵ ਵਿੱਚ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਾਲੀਆਂ ਸੰਸਥਾਵਾਂ ਨੂੰ ਚੀਨ ਨੂੰ ਨਿਸ਼ਾਨਾ ਬਣਾਉਣ ਅਤੇ ਤਿੱਬਤ ਨੂੰ ਆਜ਼ਾਦ ਕਰਵਾਉਣ ਦੀ ਅਪੀਲ ਕੀਤੀ। ਰਿੰਚਿਨ ਖਾਂਡੂ ਖੀਰਮੇਨ ਨੇ ਕਿਹਾ ਕਿ 2023 ਦਾ ਭਾਰਤ ਇੱਕ ਮਜ਼ਬੂਤ ਭਾਰਤ ਏ, ਜਿਹੜਾ ਚੀਨ ਨੂੰ ਉਸਦੀ ਆਪਣੀ ਭਾਸ਼ਾ ਵਿੱਚ ਜਵਾਬ ਦੇਣਾ ਜਾਣਦਾ ਏ।